# ਮਜ਼ਦੂਰੀ ਦੀ ਹਾਨੀ ਤੇ ਮਿਲਣ ਵਾਲੇ ਫਾਇਦੀਆਂ ਦਾ ਹਿਸਾਬ

ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (**WCB**) ਤੁਹਾਡੀ ਮਜ਼ਦੂਰੀ ਦੇ ਨੁਕਸਾਨ ਦੇ ਫਾਇਦਿਆਂ ਦਾ ਭੁਗਤਾਨ ਤੁਹਾਡੀ ਕਮਾਈ ਦੇ ਨੁਕਸਾਨ ਦੀ ਸਮਰੱਥਾ ਦੇ ਅਧਾਰ ਤੇ ਕਰਦਾ ਹੈ।

**WCB ਮੇਰੇ ਫਾਇਦੇ ਦੀ ਦਰ ਦਾ ਹਿਸਾਬ ਕਿਵੇਂ ਕਰਦਾ ਹੈ?**

WCB ਤੁਹਾਡੀ ਮਜ਼ਦੂਰੀ ਦੀ ਹਾਨੀ ਦੇ ਫਾਇਦਿਆਂ ਦਾ ਹਿਸਾਬ ਚਾਰ ਕਦਮਾਂ ਵਿੱਚ ਪੂਰਾ ਕਰਦਾ ਹੈ:

**ਕਦਮ 1: ਸਮਸਤ ਆਮਦਨ ਦਾ ਹਿਸਾਬ ਲਗਾਇਆ ਜਾਂਦਾ ਹੈ**

WCB ਤੁਹਾਡੀ ਸੱਟ ਵਾਲੇ ਰੁਜ਼ਗਾਰਦਾਤਾ ਨਾਲ ਤੁਹਾਡੀ ਕਮਾਈ ਦੀ ਵਰਤੋਂ ਤੁਹਾਡੀ ਸਮਸਤ ਆਮਦਨ ਦਾ ਹਿਸਾਬ ਲਗਾਉਣ ਲਈ ਕਰਦਾ ਹੈ ਅਤੇ ਤੁਹਾਡੀ ਕਮਾਈ ਦੇ ਨੁਕਸਾਨ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਦਰਸਾਉਣ ਵਾਲੇ ਸੂਤਰ ਨੂੰ ਚੁਣਦੇ ਹੋਏ, ਤੁਹਾਨੂੰ ਸੱਟ ਲੱਗਣ ਦੇ ਸਮੇਂ ਜਾਂ ਤਾਂ ਨਿਯਮਤ ਕਮਾਈ ਜਾਂ ਔਸਤਨ ਸਲਾਨਾ ਕਮਾਈਆਂ ਦੀ ਵਰਤੋਂ ਕਰੇਗਾ। ਜੇਕਰ ਤੁਹਾਨੂੰ ਸੱਟ ਲੱਗਣ ਦੇ ਕਾਰਨ, ਤੁਹਾਨੂੰ ਹੋਰ ਪਾਸਿਓਂ ਵੀ ਕਮਾਈ ਦਾ ਨੁਕਸਾਨ ਹੋ ਰਿਹਾ ਹੈ, ਤਾਂ ਇਹਨਾਂ ਨੂੰ ਤੁਹਾਡੀ ਸਮਸਤ ਆਮਦਨ ਵਿੱਚ ਸ਼ਾਮਲ ਕੀਤਾ ਜਾਵੇਗਾ।

**ਕਦਮ** 2: ਕੁੱਲ ਆਮਦਨ ਦਾ ਹਿਸਾਬ ਲਗਾਇਆ ਜਾਂਦਾ ਹੈ

ਕੁੱਲ ਆਮਦਨ ਦਾ ਹਿਸਾਬ ਲਗਾਉਣ ਲਈ WCB ਪੋਰਟੇਬਲ ਕਟੌਤੀਆਂ ਅਤੇ ਟੈਕਸ ਕ੍ਰੈਡਿਟ ਲਾਗੂ ਕਰਦਾ ਹੈ। ਹਿਸਾਬ-ਕਿਤਾਬ ਕੈਨੇਡਾ ਰੈਵੀਨਿਊ ਏਜੰਸੀ (CRA) ਵੱਲੋਂ *ਇਨਕਮ ਟੈਕਸ ਐਕਟ* ਦੇ ਹਵਾਲੇ ਵਿੱਚ ਵਰਤੀਆਂ ਜਾਂਦੀਆਂ ਮਿਆਰੀ ਕਟੌਤੀਆਂ ਅਤੇ ਟੈਕਸ ਕ੍ਰੈਡਿਟਾਂ ਤੇ ਅਧਾਰਤ ਹੁੰਦਾ ਹੈ।

ਪੋਰਟੇਬਲ ਕਟੌਤੀਆਂ ਵਿੱਚ ਸ਼ਾਮਲ ਹਨ:

- ਇਨਕਮ ਟੈਕਸ,
- ਕੈਨੇਡਾ ਪੈਂਸ਼ਨ ਪਲਾਨ (CPP),
- ਰੁਜ਼ਗਾਰ ਬੀਮਾ (EI) ਪ੍ਰੀਮੀਅਮ, ਅਤੇ
- ਬੋਰਡ ਆਫ ਡਾਇਰੈਕਟਰਸ ਵੱਲੋਂ ਕਨੂੰਨ ਵੱਲੋਂ ਸਥਾਪਤ ਕੀਤੀਆਂ ਜਾਣ ਵਾਲੀਆਂ ਹੋਰ ਕਟੌਤੀਆਂ,

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ WCB *ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।

ਟੈਕਸ ਕ੍ਰੈਡਿਟ ਵਿੱਚ ਉਹ ਸ਼ਾਮਲ ਹਨ ਜਿੰਨ੍ਹਾਂ ਦਾ ਮੁਢਲੀ ਨਿੱਜੀ ਰਕਮ, ਸਪਾਉਸ ਜਾਂ ਕੌਮਨ-ਲਾ ਪਾਰਟਨਰ ਦੀ ਰਕਮ (ਜੇਕਰ ਉਹ ਕੰਮ ਨਹੀਂ ਕਰ ਰਹੇ ਹਨ), ਨਿਰਭਰ ਬੱਚੇ, ਬਾਲ ਦੇਖਭਾਲ ਦੇ ਖਰਚਿਆਂ ਅਤੇ ਸਮਰਥਨ ਭੁਗਤਾਨਾਂ ਲਈ ਦਾਅਵਾ ਕੀਤਾ ਗਿਆ ਹੈ ਜੇਕਰ ਤੁਸੀਂ ਇਹਨਾਂ ਕ੍ਰੈਡਿਟਾਂ ਨੂੰ ਆਪਣੀ ਇਨਕਮ ਟੈਕਸ ਦੀ ਰਿਟਰਨ ਵਿੱਚ ਰਿਪੋਰਟ ਕਰਦੇ ਹੋ।

**ਧਿਆਨ ਦਿਓ:** ਪੋਰਟੇਬਲ ਕਟੌਤੀਆਂ ਤੁਹਾਡੇ ਵੱਲੋਂ ਭੁਗਤਾਨ ਕੀਤੇ ਜਾਣ ਦੀ ਆਸ ਕੀਤੇ ਜਾਣ ਵਾਲੀ ਅਨੁਮਾਨਿਤ ਰਕਮ ਨੂੰ ਦਰਸਾਉਂਦੀਆਂ ਹਨ; ਹਾਲਾਂਕਿ, ਤੁਹਾਡੀ ਤਰਫ ਤੋਂ ਇਨਕਮ ਟੈਕਸ, **CPP** ਯੋਗਦਾਨ ਜਾਂ **EI** ਪ੍ਰੀਮੀਅਮ ਦੇ ਲਈ ਅਸਲ ਵਿੱਚ ਕੋਈ ਵੀ ਭੁਗਤਾਨ ਨਹੀਂ ਕੀਤਾ ਜਾਵੇਗਾ।

**ਕਦਮ 3:** WCB ਦੇ ਫਾਇਦੇ ਦੀ ਦਰ ਨਿਰਧਾਰਿਤ ਕੀਤੀ ਜਾਂਦੀ ਹੈ

ਕਦਮ 2 ਵਿੱਚ ਨਿਰਧਾਰਿਤ ਕੀਤੀ ਤੁਹਾਡੀਆਂ ਕੁੱਲ ਕਮਾਈਆਂ ਦੀ ਵਰਤੋਂ ਤੁਹਾਡੀ ਮਜ਼ਦੂਰੀ ਦੇ ਨੁਕਸਾਨ ਦੇ ਫਾਇਦੇ ਦੀ ਦਰ ਦਾ ਹਿਸਾਬ ਲਗਾਉਣ ਲਈ ਕੀਤੀ ਜਾਂਦਾ ਹੈ:-

- ਜਿਆਦਾਤਰ ਸਥਿਤੀਆਂ ਵਿੱਚ, ਤੁਹਾਡਾ WCB ਫਾਇਦਾ ਦਰ 90% ਦੀ ਕੁੱਲ ਕਮਾਈ ਦੇ ਅਧਾਰਤ ਹੁੰਦਾ ਹੈ,
- ਜੇਕਰ ਤੁਹਾਡੀ ਕੁੱਲ ਆਮਦਨ ਘੱਟੋ ਘੱਟ ਔਸਤਨ ਆਮਦਨ ਤੋਂ ਘੱਟ ਜਾਂ ਉਸ ਦੇ ਬਰਾਬਰ ਹੈ, ਤਾਂ ਤੁਹਾਡੇ ਫਾਇਦੇ ਦਾ ਦਰ ਤੁਹਾਡੀ ਕੁੱਲ ਕਮਾਈ ਦਾ 100% ਹੋਵੇਗਾ।
- ਜੇਕਰ ਤੁਹਾਡੀ ਕਮਾਈ ਦੇ ਕੁਲ ਨੁਕਸਾਨ ਦਾ 90% ਤੁਹਾਡੇ ਵੱਲੋਂ 100% ਦੀ ਘੱਟੋ ਘੱਟ ਔਸਤਨ ਕਮਾਈ ਦੇ ਅਧਾਰ ਤੇ ਪ੍ਰਾਪਤ ਕੀਤੇ ਜਾਣ ਵਾਲੀ ਰਕਮ ਤੋਂ ਘੱਟ ਹੈ, ਤਾਂ WCB ਤੁਹਾਡੇ ਫਾਇਦੇ ਦੀ ਦਰ ਨੂੰ ਨਿਰਧਾਰਤ ਕਰਨ ਲਈ ਇਸ ਉੱਚ ਦਰ ਦੀ ਵਰਤੋਂ ਕਰੇਗਾ।

1 ਅਕਤੂਬਰ, 2019 ਤੋਂ ਪ੍ਰਭਾਵੀ ਨਿਊਨਤਮ ਸਲਾਨਾ ਮਜ਼ਦੂਰੀ $24,232 ਹੈ ਅਤੇ 1 ਜਨਵਰੀ 2020 ਨੂੰ ਇਸ ਵਿੱਚ ਕੋਈ ਤਬਦੀਲੀ ਨਹੀ ਹੋਈ ਹੈ।

**ਕਦਮ 4: ਟੈਕਸ ਛੋਟਾਂ (ਸ਼ੈਲਟਰਿੰਗ) ਦਾ ਫਾਇਦੇ ਦੀ ਦਰ ਵਿੱਚ ਗੁਣਨਖੰਡ ਕੀਤਾ ਜਾਂਦਾ ਹੈ**

WCB ਦੇ ਲਾਭ ਗੈਰ-ਟੈਕਸੇਬਲ ਹੁੰਦੇ ਹਨ। ਤੁਹਾਡੀ ਘਟਾਈ ਗਈ ਟੈਕਸਯੋਗ ਆਮਦਨ ਵੱਲੋਂ ਨਿਰਮਤ ਕੀਤੇ ਟੈਕਸ ਲਾਭ ਦੀ ਚਕੋਤੀ ਲਈ, WCB ਤੁਹਾਡੀ ਕਮਾਈ ਦੇ ਸਲਾਨਾ ਨੁਕਸਾਨ ਨੂੰ ਹੋਰ ਵੀ ਨੇੜਤਾ ਨਾਲ ਦਰਸਾਉਣ ਲਈ ਫਾਇਦੇ ਦੇ ਦਰ ਨੂੰ ਘਟਾਉਂਦਾ ਹੈ।

## ਸੈਂਪਲ ਫਾਇਦੀਆਂ ਦਾ ਹਿਸਾਬ

| ਸਿੰਗਲ, ਕੋਈ ਆਸ਼ਰਿਤ ਨਹੀਂ ਫਾਇਦੇ ਦਾ ਹਿਸਾਬ | | | | |
|---|---|---|---|---|
| **ਹਫਤਾਵਾਰੀ ਕੁੱਲ ਮਜ਼ਦੂਰੀ** | **ਸਾਲਾਨਾ ਕੁੱਲ ਮਜ਼ਦੂਰੀ** | **100% ਨੈੱਟ ਐਕਚੁਅਲ (ਹਫਤਾਵਾਰੀ)** | **90% ਨੈੱਟ ਸ਼ੈਲਟਰਡ (ਹਫਤਾਵਾਰੀ)** | **100% ਨੈੱਟ ਸ਼ੈਲਟਰਡ (ਹਫਤਾਵਾਰੀ)** |
| $ 150.00 | $ 7,800.00 | $143.35 | ਲਾਗੂ ਨਹੀਂ ਹੁੰਦਾ | $14249 |
| $ 200.00 | $10,400.00 | $189.99 | ਲਾਗੂ ਨਹੀਂ ਹੁੰਦਾ | $189.13 |
| $ 440.00 | $22,880.00 | $361.91 | ਲਾਗੂ ਨਹੀਂ ਹੁੰਦਾ | $346.50 |
| $ 600.00 | $31,200.00 | $472.64 | $412.47 | ਲਾਗੂ ਨਹੀਂ ਹੁੰਦਾ |
| $ 900.00 | $46,800.00 | $674.98 | $591.82 | ਲਾਗੂ ਨਹੀਂ ਹੁੰਦਾ |
| $1,200.00 | $62,400.00 | $866.94 | $757.96 | ਲਾਗੂ ਨਹੀਂ ਹੁੰਦਾ |

| ਵਿਆਹੇ, ਜੀਵਨ-ਸਾਥੀ ਕੰਮ ਨਹੀਂ ਕਰਦਾ, ਦੋ ਆਸ਼ਰਿਤ | | | | |
|---|---|---|---|---|
| **ਕੁੱਲ ਹਫਤਾਵਾਰੀ ਤਨਖਾਹ** | **ਕੁੱਲ ਸਾਲਾਨਾ ਤਨਖਾਹ** | **100% ਨੈੱਟ ਐਕਚੁਅਲ (ਹਫਤਾਵਾਰੀ)** | **90% ਨੈੱਟ ਸ਼ੈਲਟਰਡ (ਹਫਤਾਵਾਰੀ)** | **100% ਨੈੱਟ ਸ਼ੈਲਟਰਡ (ਹਫਤਾਵਾਰੀ)** |
| $ 150.00 | $ 7,800.00 | $143.35 | ਲਾਗੂ ਨਹੀਂ ਹੁੰਦਾ | $142.49 |
| $ 200.00 | $10,400.00 | $189.99 | ਲਾਗੂ ਨਹੀਂ ਹੁੰਦਾ | $189.13 |
| $ 440.00 | $22,880.00 | $413.86 | ਲਾਗੂ ਨਹੀਂ ਹੁੰਦਾ | $413.00 |
| $ 600.00 | $ 31,200.00 | $540.60 | $470.57 | ਲਾਗੂ ਨਹੀਂ ਹੁੰਦਾ |
| $ 900.00 | $46,800.00 | $740.02 | $633.75 | ਲਾਗੂ ਨਹੀਂ ਹੁੰਦਾ |
| $1,200.00 | $62,400.00 | $929.07 | $797.26 | ਲਾਗੂ ਨਹੀਂ ਹੁੰਦਾ |

ਇਹ ਬਹੁਤ ਜਿਆਦਾ ਮਹੱਤਵਪੂਰਨ ਹੈ ਕਿ ਤੁਸੀਂ WCB ਨੂੰ ਟੈਕਸ ਜਾਣਕਾਰੀ ਦੀ ਸਹੀ ਰਿਪੋਰਟ ਕਰੋ ਕਿਉਂਕਿ ਇਹ ਫਾਇਦੇ ਦੇ ਹਿਸਾਬ ਲਗਾਉਣ ਤੇ ਕਾਫੀ ਫਰਕ ਪਾਉਂਦੇ ਹਨ।

ਕਿਰਪਾ ਧਿਆਨ ਦਿਓ:

ਸੱਟ ਲੱਗਣ ਦੀ ਤਰੀਕ, ਅਤੇ ਕਦਮ 1 ਵਿੱਚ ਦੱਸੇ ਅਨੁਸਾਰ ਲਾਗੂ ਟੈਕਸ ਕ੍ਰੈਡਿਟ ਅਤੇ/ਜਾਂ ਟੈਕਸ ਕਟੌਤੀਆਂ, ਪਹਿਲੇ ਦੋ ਸਾਲਾਂ ਲਈ ਆਪਣੀ ਜਗ੍ਹਾਂ ਤੇ ਰਹਿਣਗੀਆਂ, ਭਾਵੇਂ ਉਸ ਸਮੇਂ ਦੀ ਦੌਰਾਨ ਤੁਹਾਡੀ ਸਥਿਤੀ ਬਦਲ ਹੀ ਕਿਉਂ ਨਾ ਜਾਵੇ।
ਇੱਕ ਅਪਵਾਦ ਹੈ ਦਾਅਵੇ ਨੂੰ ਸਵੀਕਾਰ ਕੀਤੇ ਜਾਣ ਦੇ ਸਮੇਂ ਤੁਹਾਡੀ ਜਾਣਕਾਰੀ ਦਾ ਉਪਲਬਧ ਨਾ ਹੋਣਾ, ਜਿਸ ਮਾਮਲੇ ਵਿੱਚ ਸਾਡਾ ਹਿਸਾਬ-ਕਿਤਾਬ ਜਾਣਕਾਰੀ ਪ੍ਰਾਪਤ ਹੋਣ ਤੱਕ "ਨਿਰਭਰ ਵਿਅਕਤੀਆਂ ਤੋਂ ਬਿਨਾਂ ਸਿੰਗਲ" ਦੇ ਅਧਾਰ ਤੇ ਹੋਵੇਗਾ। ਭੁਗਤਾਨ ਉਸ ਸਮੇਂ ਸਮਾਯੋਜਿਤ ਕੀਤੇ ਜਾਣਗੇ, ਜਿਸ ਤਰੀਕ ਨੂੰ ਤੁਹਾਨੂੰ ਮਜ਼ਦੂਰੀ ਦੇ ਨੁਕਸਾਨ ਦੇ ਫਾਇਦੇ ਮਿਲਣੇ ਸ਼ੁਰੂ ਹੋਏ ਸਨ। ਇਸ ਨਾ ਇਹ ਯਕੀਨੀ ਹੁੰਦਾ ਹੈ ਕਿ ਜਾਣਕਾਰੀ ਦੀ ਘਾਟ ਨਾਲ ਦਾਅਵੇ ਦੇ ਭੁਗਤਾਨਾਂ ਵਿੱਚ ਦੇਰੀ ਨਹੀਂ ਹੁੰਦੀ।

ਜੇਕਰ ਤੁਸੀਂ ਟੈਕਸ ਸੰਬੰਧੀ ਜਾਣਕਾਰੀ ਦੇਣ ਦੀ ਇੱਛਾ ਰੱਖਦੇ ਹੋ, ਤਾਂ ਤੁਹਾਨੂ ਨਿਰਭਰ ਵਿਅਕਤੀਆਂ ਤੋਂ ਬਿਨਾਂ ਸਿੰਗਲ ਵਜੋਂ ਵਰਗੀਕ੍ਰਿਤ ਕੀਤਾ ਜਾਵੇਗਾ ਅਤੇ ਦੋ ਸਾਲ ਦੇ ਸਮੇਂ ਲਈ ਕੋਈ ਸਮਾਯੋਜਨ ਨਹੀਂ ਕੀਤਾ ਜਾਵੇਗਾ।

ਸਮਰਥਨ ਭੁਗਤਾਨ ਨਿਰਭਰ ਵਿਅਕਤੀਆਂ ਦਾ ਨਿਰਧਾਰਨ ਕਰਨ ਲਈ ਯੋਗ ਨਹੀਂ ਹੁੰਦੇ। ਹਾਲਾਂਕਿ, ਇਹਨਾਂ ਭੁਗਤਾਨਾਂ ਦੀ ਵਰਤੋਂ ਇਨਕਮ ਟੈਕਸ ਦੀ ਗਣਨਾ ਦੇ ਅਧੀਨ ਆਮਦਨ ਦੀ ਰਕਮ ਦੀ ਘਟਾਉਣ ਵਿੱਚ ਕੀਤੀ ਜਾਵੇਗੀ।

**ਕੀ ਕਮਾਈ ਦੇ ਨੁਕਸਾਨ ਦੀ ਸਮਰੱਥਾ ਦੀ ਗਣਨਾ ਕਰਨ ਦੀ ਪ੍ਰਕਿਰਿਆ ਵਿੱਚ ਕੋਈ ਅਪਵਾਦ ਹਨ?**

ਹਾਂ, 'ਸਿਖਿਆਰਥੀ', 'ਨੌਜਵਾਨ ਕਰਮਚਾਰੀ' ਅਤੇ 'ਘੋਸ਼ਿਤ ਕਰਮਚਾਰੀ' ਅਪਵਾਦਾਂ ਹਨ। ਕੁਝ ਮਾਮਲਿਆਂ ਵਿੱਚ, *ਕਰਮਚਾਰੀ ਮੁਆਵਜ਼ਾ ਐਕਟ* ਸਾਨੂੰ ਤੁਹਾਡੀ ਕਮਾਈ ਦੇ ਨੁਕਸਾਨ ਦੀ ਸੰਭਾਵਤ ਸਮਰੱਥਾ ਦੇ ਅਧਾਰ ਤੇ ਔਸਤ ਕਮਾਈ ਸਥਾਪਿਤ ਕਰਨ ਲਈ ਭਵਿੱਖ ਵੱਲ ਦੇਖਣ ਦੀ ਇਜਾਜ਼ਤ ਦਿੰਦਾ ਹੈ। ਇਸ ਵਿਧੀ ਨੂੰ ਸਿਖਿਆਰਥੀਆਂ ਅਤੇ ਨੌਜਵਾਨ ਕਰਮਚਾਰੀਆਂ (28 ਤੋਂ ਘੱਟ ਦੀ ਉਮਰ ਵਾਲਾ ਕੋਈ ਵਿਅਕਤੀ ਜੋ ਕਿ ਲੰਬੇ ਸਮੇਂ ਲਈ ਕਮਾਈ ਦੇ ਨੁਕਸਾਨ ਦੀ ਸਮਰੱਥਾ ਨੂੰ ਸਹਿੰਦਾ ਹੈ) ਦੇ ਨਾਲ ਪਾਏ ਗਏ ਅਪਵਾਦੀ ਸਥਿਤੀਆਂ ਵਿੱਚ ਹੀ ਲਾਗੂ ਕੀਤਾ ਜਾ ਸਕਦਾ ਹੈ।

ਘੋਸ਼ਿਤ ਕਰਮਚਾਰੀ ਉਹ ਵਿਅਕਤੀ ਜਾਂ ਵਿਅਕਤੀ-ਵਰਗ ਹੁੰਦੇ ਹਨ ਜਿੰਨ੍ਹਾਂ ਨੂੰ ਸਰਕਾਰ ਵੱਲੋਂ ਰੁਜ਼ਗਾਰ ਦਿੱਤੇ ਕਰਮਚਾਰੀ ਹੋਣ ਵਜੋਂ ਘੋਸ਼ਿਤ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ *ਕਰਮਚਾਰੀ ਮੁਆਵਜ਼ਾ ਐਕਟ* ਦੇ ਤਹਿਤ ਕਵਰ ਕੀਤਾ ਜਾਂਦਾ ਹੈ। ਇਸ ਮਾਮਲੇ ਵਿੱਚ ਫਾਇਦੇ ਸੱਟ ਲੱਗਣ ਦੇ ਸਮੇਂ ਤੇ ਉਦਯੋਗੀ ਔਸਤ ਮਜ਼ਦੂਰੀ ਦੇ ਵੱਧ ਤੋਂ ਉੱਤੇ ਤੇ ਅਧਾਰਤ ਹੋਣਗੇ।

**ਧਿਆਨ ਦਿਓ:-** ਫਾਇਦਿਆਂ ਦੇ ਹਿਸਾਬ ਨਾਲ ਸੰਬੰਧਤ ਸਾਰੇ ਸੈਕਸ਼ਨ 1 ਜਨਵਰੀ, 2006 ਜਾਂ ਉਸ ਤੋਂ ਬਾਅਦ ਕਾਰਜਸਥਾਨ ਤੇ ਲੱਗੀਆਂ ਸੱਟਾਂ ਅਤੇ ਸੰਬੰਧਤ ਆਵਰਤੀ ਸੱਟਾਂ ਤੇ ਲਾਗੂ ਹੁੰਦੇ ਹਨ। 2006 ਤੋਂ ਪਹਿਲਾਂ ਲੱਗੀਆਂ ਸੱਟਾਂ ਅਤੇ ਸੰਬੰਧਤ ਆਵਰਤੀ ਸੱਟਾਂ ਦਾ ਭੁਗਤਾਨ ਉਹਨਾਂ ਕਨੂੰਨਾਂ, ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਕੀਤਾ ਜਾਣਾ ਜਾਰੀ ਰਹੇਗਾ ਜੋ ਕਿ 2005 ਵਿੱਚ ਪਾਰਿਤ ਕੀਤੇ ਬਿਲ 25 – *ਕਰਮਚਾਰੀ ਮੁਆਵਜ਼ਾ ਸੰਸ਼ੋਧਨ ਐਕਟ* ਤੋਂ ਪਹਿਲਾਂ ਮੌਜੂਦ ਹਨ।

ਫਾਇਦਿਆਂ ਦੇ ਹਿਸਾਬ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਆਪਣੇ ਫੈਸਲਾ ਅਧਿਕਾਰੀ ਜਾਂ ਕੇਸ ਪ੍ਰਬੰਧਕ ਨੂੰ ਕਾਲ ਕਰੋ।